# ਲਿੰਗਕ ਤੌਰ ‘ਤੇ ਪ੍ਰਸਾਰਿਤ ਲਾਗ (ਐੱਸ ਟੀ ਆਈ) ਅਤੇ ਬਲੱਡ ਬੋਰਨ ਵਾਇਰਸ (ਬੀ ਬੀ ਵੀ) ਜਾਂਚ:

## *ਕੀ ਉਮੀਦ ਕਰਨੀ ਹੈ*

***ਲਿੰਗਕ ਤੌਰ ‘ਤੇ ਪ੍ਰਸਾਰਿਤ ਲਾਗ (ਐੱਸ ਟੀ ਆਈ) ਅਤੇ ਬਲੱਡ ਬੋਰਨ ਵਾਇਰਸ (ਬੀਬੀਵੀ) ਕਿਸੇ ਵੀ ਵਿਅਕਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ l***

ਜੇ ਤੁਸੀਂ ਸੈਕਸ ਕੀਤਾ ਹੈ ਅਤੇ 30 ਸਾਲ ਤੋਂ ਘੱਟ ਹੋ, ਜਿਨਸੀ ਸਾਥੀ ਵਿੱਚ ਬਦਲਾਓ ਆਇਆ ਹੈ ਜਾਂ ਜੇ ਤੁਸੀਂ ਉਹ ਮਰਦ ਹੋ ਜੋ ਦੂਜੇ ਮਰਦਾਂ ਨਾਲ ਸੈਕਸ ਕਰਦਾ ਹੈ, ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਇੱਕ ਸਾਲ ਵਿੱਚ ਇੱਕ ਜਾਂ ਇਸ ਤੋਂ ਵੱਧ ਵਾਰ ਟੈਸਟ ਕਰਵਾਓ |

ਇਹ ਦੇਖਣ ਲਈ ਕਿ ਤੁਹਾਨੂੰ ਕਿੰਨੇ ਨਿਯਮਤ ਤੌਰ ‘ਤੇ ਟੈਸਟ ਕਰਵਾਉਣਾ ਚਾਹੀਦਾ ਹੈ, ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ |

## ਐਸਟੀਆਈ ਅਤੇ ਬੀਬੀਵੀ ਟੈਸਟ ਵਿੱਚ ਕੀ ਹੁੰਦਾ ਹੈ?

ਜੋ ਤੁਸੀਂ ਆਪਣੇ ਡਾਕਟਰ ਜਾਂ ਨਰਸ ਨਾਲ ਵਿਚਾਰਦੇ ਹੋ ਉਸ ਨੂੰ ਗੁਪਤ ਰੱਖਿਆ ਜਾਵੇਗਾ | ਤੁਸੀਂ ਆਪਣੀ ਮਰਜ਼ੀ ਨਾਲ ਮਰਦ ਜਾਂ ਔਰਤ ਡਾਕਟਰ ਜਾਂ ਨਰਸ ਦੀ ਚੋਣ ਕਰਨ ਲਈ ਕਹਿ ਸਕਦੇ ਹੋ |

ਡਾਕਟਰ ਜਾਂ ਨਰਸ ਇਹ ਜਾਣਨ ਲਈ ਤੁਹਾਨੂੰ ਕੁਝ ਪ੍ਰਸ਼ਨ ਪੁੱਛ ਸਕਦੇ ਹਨ ਕਿ ਕਿਸ ਲਈ ਟੈਸਟ ਕਰਨਾ ਹੈ ਅਤੇ ਤੁਹਾਨੂੰ ਅਕਸਰ ਕਿੰਨੀ ਜਾਂਚ ਕਰਵਾਉਣੀ ਚਾਹੀਦੀ ਹੈ | ਸਵਾਲਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਤੁਹਾਡੇ ਕੋਲ ਸੈਕਸ ਕਰਨ ਵਾਲੇ ਸਾਥੀ ਕਿੰਨੇ ਹਨ?
- ਕੀ ਤੁਸੀਂ ਕੰਡੋਮ ਵਰਗੀਆਂ ਰੁਕਾਵਟਾਂ ਦਾ ਇਸਤੇਮਾਲ ਕਰਦੇ ਹੋ?
- ਕੀ ਤੁਹਾਡੇ ਲਿੰਗਕ ਸਾਥੀ ਨਰ, ਮਾਦਾ, ਦੋਵੇਂ ਜਾਂ ਦੂਜੇ ਹਨ?
- ਪਿਛਲੀ ਵਾਰ ਕਦੋਂ ਤੁਸੀਂ ਸੈਕਸ ਕੀਤਾ ਸੀ?
- ਤੁਹਾਡੀਆਂ ਜਿਨਸੀ ਪ੍ਰਣਾਲੀਆਂ ਕੀ ਹਨ?

ਫਿਰ ਡਾਕਟਰ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਹੜੇ ਟੈਸਟਾਂ ਦੀ ਜ਼ਰੂਰਤ ਹੈ |

MULTICULTURAL CENTRE FOR WOMEN'S HEALTH

family planning victoria
Reproductive & Sexual Health
Care. Education. Advocacy.

# ਲਿੰਗਕ ਤੌਰ 'ਤੇ ਪ੍ਰਸਾਰਿਤ ਲਾਗ (ਐੱਸ ਟੀ ਆਈ) ਅਤੇ ਬਲੱਡ ਬੋਰਨ ਵਾਇਰਸ (ਬੀ ਬੀ ਵੀ) ਜਾਂਚ:

*ਕੀ ਉਮੀਦ ਕਰਨੀ ਹੈ*

## ਇੱਕ ਐਸ ਟੀ ਆਈ ਟੈਸਟ ਲਈ ਤੁਹਾਨੂੰ ਇਹ ਪੁੱਛਿਆ ਜਾ ਸਕਦਾ ਹੈ:




*ਇੱਕ ਪਿਸ਼ਾਬ (ਮੂਤ) ਦਾ ਨਮੂਨਾ*



*ਖ਼ੂਨ ਦਾ ਨਮੂਨਾ*



*ਇੱਕ ਫ਼ੰਬੇ ਦਾ ਨਮੂਨਾ*



*ਇੱਕ ਸਰੀਰਕ ਮੁਆਇਨਾ ਜੇ ਤੁਹਾਡੇ ਵਿੱਚ ਲੱਛਣ ਹੋਣ।*

ਤੁਹਾਨੂੰ ਸਲਾਹ-ਮਸ਼ਵਰੇ ਵਾਲੇ ਕਮਰੇ ਵਿਚ ਇਕ ਪ੍ਰਾਈਵੇਟ ਥਾਂ ਵਿਚ ਕਮਰ ਤੋਂ ਸਨੱ ਕੱਪੜੇ ਲਾਹੁਣੇ ਪੈ ਸਕਦੇ ਹਨ। ਡਾਕਟਰ ਪੇਸ਼ੇਵਰ ਹੁੰਦੇ ਹਨ ਜੋ ਤੁਹਾਡੀ ਗੁਪਤਤਾ ਦਾ ਸਤਿਕਾਰ ਕਰਨਗੇ।

## ਬੀਬੀਵੀ ਟੈਸਟ ਲਈ ਤੁਹਾਨੂੰ ਇਹ ਪੁੱਛਿਆ ਜਾ ਸਕਦਾ ਹੈ:



*ਖ਼ੂਨ ਦਾ ਨਮੂਨਾ*

ਲਏ ਗਏ ਨਮੂਨਿਆਂ ਨੂੰ ਪੈਥੋਲੋਜੀ ਟੈਸਟ ਕਿਹਾ ਜਾਂਦਾ ਹੈ ਅਤੇ STIs ਜਾਂ BBVs ਦੀ ਜਾਂਚ ਕਰਨ ਲਈ ਇੱਕ ਲੈਬ ਨੂੰ ਭੇਜਿਆ ਜਾਵੇਗਾ।

ਨਤੀਜੇ ਕਲੀਨਿਕ ਵਿੱਚ ਵਾਪਸ ਆਉਣ ਲਈ ਇੱਕ ਹਫ਼ਤੇ ਤੱਕ ਦਾ ਸਮਾਂ ਲੱਗ ਸਕਦਾ ਹੈ।

ਟੈਸਟ ਦੇ ਨਤੀਜਿਆਂ ਬਾਰੇ ਚਰਚਾ ਕਰਨ ਲਈ ਤੁਹਾਨੂੰ ਡਾਕਟਰ ਜਾਂ ਨਰਸ ਨਾਲ ਇੱਕ ਹੋਰ ਮੁਲਾਕਾਤ ਤੈਅ ਕਰਨ ਦੀ ਲੋੜ ਹੋ ਸਕਦੀ ਹੈ।

# ਲਿੰਗਕ ਤੌਰ 'ਤੇ ਪ੍ਰਸਾਰਿਤ ਲਾਗ (ਐੱਸ ਟੀ ਆਈ) ਅਤੇ ਬਲੱਡ ਬੋਰਨ ਵਾਇਰਸ (ਬੀ ਬੀ ਵੀ) ਜਾਂਚ:

*ਕੀ ਉਮੀਦ ਕਰਨੀ ਹੈ*

## ਐਸਟੀਆਈ ਅਤੇ ਬੀਬੀਵੀ ਜਾਂਚ ਦੀ ਕੀਮਤ ਕਿੰਨੀ ਹੈ?

ਜੇ ਤੁਹਾਡੇ ਕੋਲ ਮੈਡੀਕੇਅਰ ਕਾਰਡ ਹੈ, ਤਾਂ ਪੈਥੋਲੋਜੀ ਦੇ ਟੈਸਟ ਬਲਕ ਬਿੱਲਡ ਹੋ ਸਕਦੇ ਹਨ।

ਇਸਦਾ ਮਤਲਬ ਹੈ ਕਿ ਲਾਗਤ ਸਰਕਾਰ ਦੁਆਰਾ ਦਿੱਤੀ ਗਈ ਹੈ ਅਤੇ ਤੁਸੀਂ ਟੈਸਟ ਲਈ ਭੁਗਤਾਨ ਨਹੀਂ ਕਰਦੇ।

ਕਲੀਨਿਕ ਦੀ ਵਿਖਾਉਣ ਦੀ ਲਾਗਤ ਵੱਖਰੀ ਹੋ ਸਕਦੀ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੱਥੇ ਜਾਂਦੇ ਹੋ :

- ਜੇ ਤੁਹਾਡੇ ਕੋਲ ਮੈਡੀਕੇਅਰ ਕਾਰਡ ਅਤੇ / ਜਾਂ ਹੈਲਥ ਕੇਅਰ ਕਾਰਡ ਹੈ ਤਾਂ ਕੁਝ ਕਲੀਨਿਕ ਤੁਹਾਡੀ ਨਿਯੁਕਤੀ ਨੂੰ ਬਲਕ ਬਿੱਲਡ ਕਰਨਗੇ
- ਕੁਝ ਕਲੀਨਿਕਾਂ ਤੁਹਾਨੂੰ ਇੱਕ ਗੈਪ (ਅੰਤਰ) ਫੀਸ ਅਦਾ ਕਰਨ ਲਈ ਕਹਿਣਗੇ। ਇਸ ਦਾ ਮਤਲਬ ਹੈ ਕਿ ਤੁਹਾਨੂੰ ਆਪਣੀ ਵਿਖਾਉਣ ਦੇ ਕੁਝ ਖਰਚੇ ਦਾ ਭੁਗਤਾਨ ਕਰਨਾ ਪਵੇਗਾ
- ਜੇ ਤੁਹਾਡੇ ਕੋਲ ਮੈਡੀਕੇਅਰ ਕਾਰਡ ਨਹੀਂ ਹੈ, ਤਾਂ ਇਹ ਸੰਭਵ ਹੈ ਕਿ ਤੁਹਾਨੂੰ ਨਿਯੁਕਤੀ ਦੀ ਪੂਰੀ ਲਾਗਤ ਅਦਾ ਕਰਨੀ ਪਵੇਗੀ

ਤੁਸੀਂ ਜਾਣ ਤੋਂ ਪਹਿਲਾਂ ਵਿਖਾਉਣ ਦੀ ਕੀਮਤ ਬਾਰੇ ਪੁੱਛਣ ਲਈ ਕਲੀਨਿਕ ਨੂੰ ਫ਼ੋਨ ਕਰ ਸਕਦੇ ਹੋ

ਜੇ ਤੁਹਾਨੂੰ ਦਵਾਈ ਜਾਂ ਇਲਾਜ ਦੀ ਜ਼ਰੂਰਤ ਹੈ, ਤਾਂ ਕਲੀਨਿਕ ਜਾਂ ਫਾਰਮੇਸੀ ਦੇ ਖਰਚੇ ਹੋ ਸਕਦੇ ਹਨ।

## ਜੇ ਤੁਸੀਂ Family Planning Victoria (ਪਰਿਵਾਰ ਨਿਯੋਜਨ ਵਿਕਟੋ-ਰੀਆ) ਕਲੀਨਿਕ ਵਿਚ ਜਾਂਦੇ ਹੋ ਤਾਂ ਕੀ ਆਸ ਕਰਨੀ ਹੈ:

Family Planning Victoria ਵਿਕਟੋਰੀਆਈਆਂ ਨੂੰ ਮਾਹਰ, ਗੁਪਤ ਐਸਟੀਆਈ ਅਤੇ ਬੀਬੀਵੀ ਜਾਂਚ ਦੀ ਪੇਸ਼ਕਸ਼ ਕਰਦਾ ਹੈ। ਅਸੀਂ ਪ੍ਰਜਨਨ ਅਤੇ ਜਿਨਸੀ ਸਿਹਤ ਦੇ ਮਾਮਲਿਆਂ ਬਾਰੇ ਮਾਹਰ ਸਲਾਹ ਅਤੇ ਦੇਖਭਾਲ ਵੀ ਮੁਹੱਈਆ ਕਰਦੇ ਹਾਂ।

# ਲਿੰਗਕ ਤੌਰ 'ਤੇ ਪ੍ਰਸਾਰਿਤ ਲਾਗ (ਐੱਸ ਟੀ ਆਈ) ਅਤੇ ਬਲੱਡ ਬੋਰਨ ਵਾਇਰਸ (ਬੀ ਬੀ ਵੀ) ਜਾਂਚ:

## *ਕੀ ਉਮੀਦ ਕਰਨੀ ਹੈ*

ਜੇ ਤੁਸੀਂ ਸਾਡੇ ਕਲੀਨਿਕ ਵਿੱਚ ਜਾ ਰਹੇ ਹੋ:

- **ਪੜਾਅ 1:** ਤੁਸੀਂ ਸਾਡੇ ਬਾਕਸ ਹਿੱਲ ਕਲੀਨਿਕ ਲਈ 03 9257 0100 'ਤੇ ਜਾਂ ਸਾਡੇ ਮੈਲਬੌਰਨ ਸ਼ਹਿਰ ਦੇ ਕਲੀਨਿਕ ਲਈ 03 9660 4700 'ਤੇ ਫ਼ੋਨ ਕਰਕੇ ਮਿਲਣ ਦਾ ਸਮਾਂ ਤੈਅ ਕਰ ਸਕਦੇ ਹੋ ਜਾਂ ਆਨਲਾਈਨ ਬੁਕਿੰਗ ਅਤੇ 'ਡਰਾਪ-ਇਨ' ਪਾਤਰਤਾ ਅਤੇ ਸਮੇਂ ਲਈ ਸਾਡੀ ਵੈਬਸਾਈਟ ਨੂੰ ਦੇਖੋ।
- **ਪੜਾਅ 2 :** ਜੇ ਇਹ ਸਾਡੇ ਕਲੀਨਿਕ ਵਿੱਚ ਤੁਹਾਡੀ ਪਹਿਲੀ ਫੇਰੀ ਹੈ, ਤਾਂ ਤੁਹਾਨੂੰ ਇੱਕ ਰਜਿਸਟ੍ਰੇਸ਼ਨ ਫਾਰਮ ਭਰਨ ਲਈ ਕਿਹਾ ਜਾਵੇਗਾ। ਜੇ ਤੁਹਾਨੂੰ ਫ਼ਾਰਮ ਭਰਨ ਵਿਚ ਮਦਦ ਦੀ ਜ਼ਰੂਰਤ ਹੈ ਤਾਂ ਰਿਸੈਪਸ਼ਨ ਸਟਾਫ ਤੁਹਾਡੀ ਮਦਦ ਕਰੇਗਾ।
- **ਪੜਾਅ 3:** ਤੁਸੀਂ ਕਿਸੇ ਡਾਕਟਰ ਜਾਂ ਨਰਸ ਨਾਲ ਗੱਲ ਕਰੋਗੇ, ਜੋ ਤੁਹਾਡੇ ਆਮ ਅਤੇ, ਜਿਨਸੀ ਤੇ ਪ੍ਰਜਨਕ ਸਿਹਤ ਬਾਰੇ ਸਵਾਲ ਪੁੱਛੇਗਾ। ਜੋ ਤੁਸੀਂ ਚਰਚਾ ਕਰਦੇ ਹੋ, ਇੱਕ ਨਿੱਜੀ ਕਮਰੇ ਵਿੱਚ ਹੋਵੇਗਾ ਅਤੇ ਗੁਪਤ ਰੱਖਿਆ ਜਾਵੇਗਾ।
- **ਪੜਾਅ 4:** ਡਾਕਟਰ ਜਾਂ ਨਰਸ ਕਿਸੇ ਵੀ ਸਿਫਾਰਸ਼ ਕੀਤੇ ਟੈਸਟਾਂ ਦੀ ਵਿਆਖਿਆ ਕਰਨਗੇ।
- **ਪੜਾਅ 5:** ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਕਿਹੜੇ ਸਿਫਾਰਿਸ਼ ਕੀਤੇ ਟੈਸਟ ਤੁਸੀਂ ਚਾਹੁੰਦੇ ਹੋ ਅਤੇ ਆਮ ਤੌਰ 'ਤੇ ਆਪਣੇ ਨਮੂਨੇ ਲੈ ਸਕਦੇ ਹੋ।
- **ਪੜਾਅ 6:** ਨਤੀਜਿਆਂ ਦੀ ਚਰਚਾ ਕਰਨ ਲਈ ਤੁਹਾਨੂੰ ਬਾਅਦ ਦੀ ਤਾਰੀਖ਼ ਨੂੰ ਇਕ ਹੋਰ ਮੁਲਾਕਾਤ ਕਰਨ ਲਈ ਕਿਹਾ ਜਾ ਸਕਦਾ ਹੈ।

## ਹੋਰ ਜਾਣਕਾਰੀ ਲਈ:

- ਆਪਣੇ ਡਾਕਟਰ ਨਾਲ ਸੰਪਰਕ ਕਰੋ
- Family Planning Victoria's clinic (ਵਿਕਟੋਰੀਆਈ ਪਰਿਵਾਰ ਯੋਜਨਾਬੰਦੀ ਕਲੀਨਿਕ) ਨਾਲ ਸੰਪਰਕ ਕਰੋ
- ਸਾਡੇ ਕਲੀਨਿਕਾਂ ਵਿਖੇ ਲਾਗਤਾਂ ਅਤੇ ਆਮ ਪੁੱਛੇ ਜਾਂਦੇ ਪ੍ਰਸ਼ਨਾਂ ਬਾਰੇ ਪਰਿਵਾਰ ਨਿਯੋਜਨ ਵਿਕਟੋਰੀਆ ਦੀ ਵੈਬਸਾਈਟ 'ਤੇ ਜਾਉ।
- ਐਸਟੀਆਈ ਅਤੇ ਬੀਬੀਵੀਜ਼ ਕੀ ਹਨ, ਇੰਨ੍ਹਾਂ ਬਾਰੇ ਪੜ੍ਹੋ?

## ਤੁਹਾਨੂੰ ਇਹ ਵੇਖਣ ਵਿਚ ਵੀ ਦਿਲਚਸਪੀ ਹੋ ਸਕਦੀ ਹੈ:

ਜਿਨਸੀ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਵਾਲੇ ਨੌਜਵਾਨ ਲੋਕਾਂ ਬਾਰੇ ਇੱਕ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਕਲਿੱਕ ਕਰੋ.

*ਬਿਆਨ: ਇਹ ਜਾਣਕਾਰੀ Multicultural Centre for Women's Health (ਔਰਤਾਂ ਦੀ ਸਿਹਤ ਲਈ ਬਹੁ-ਸਭਿਆਚਾਰਕ ਕੇਂਦਰ) ਦੀ ਸਲਾਹ ਅਤੇ ਮੰਨਜ਼ੂਰੀ ਲੈ ਕੇ ਤਿਆਰ ਕੀਤੀ ਗਈ ਹੈ। ਬੇਦਾਅਵਾ ਇਹ ਤੱਥਸ਼ੀਟ ਸਿਰਫ ਆਮ ਜਾਣਕਾਰੀ ਮੁਹਈਆ ਕਰਦੀ ਹੈ। ਵਿਅਕਤੀਗਤ ਹਾਲਾਤਾਂ 'ਤੇ ਨਿਰਭਰ ਕਰਦੇ ਹੋਏ, ਅਜਿਹੀ ਆਮ ਜਾਣਕਾਰੀ ਦੀ ਅਨੁਕੂਲਤਾ ਵਿਅਕਤੀ ਦਰ ਵਿਅਕਤੀ ਵੱਖਰੀ ਹੁੰਦੀ ਹੈ। ਤੁਹਾਨੂੰ ਆਪਣੇ ਵਿਅਕਤੀਗਤ ਹਾਲਾਤਾਂ ਲਈ ਵਿਸ਼ੇਸ਼ ਡਾਕਟਰੀ ਜਾਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਕਾਪੀਰਾਈਟ ਇਸ ਫੈਕਟਸ਼ੀਟ ਵਿਚਲੀ ਸਮੱਗਰੀ ਲਈ ਕਾਪੀਰਾਈਟ ਪਰਿਵਾਰ ਯੋਜਨਾਬੰਦੀ ਵਿਕਟੋਰੀਆ ਦੀ ਮਲਕੀਅਤ ਹੈ (ਜਾਂ, ਕੁਝ ਮਾਮਲਿਆਂ ਵਿੱਚ, ਤੀਜੀ ਧਿਰਾਂ ਦੁਆਰਾ) ਅਤੇ ਇਹ ਕਾਪੀਰਾਈਟ ਐਕਟ 1968 ਦੇ ਅਧੀਨ ਹੈ। ਅਸੀਂ ਤੁਹਾਨੂੰ ਕਾਪੀਰਾਈਟ ਸਮਗਰੀ ਨੂੰ ਦੁਬਾਰਾ ਪੇਸ਼ ਕਰਨ ਜਾਂ ਸੰਚਾਰ ਕਰਨ ਦੀ ਇਜਾਜ਼ਤ ਦਿੰਦੇ ਹਾਂ ਜੇ ਤੁਸੀਂ ਨਾ-ਮੁਨਾਫ਼ਾ ਪ੍ਰਾਪਤ ਵਿਦਿਅਕ ਸੰਸਥਾ ਹੋ, ਤੁਹਾਡੇ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਦੇ ਉਦੇਸ਼ ਲਈ ਬਸ਼ਰਤੇ ਤੁਸੀਂ ਉਸ ਸਮਗਰੀ ਨਾਲ ਜੁੜੇ ਕਿਸੇ ਵੀ ਬੇਦਾਅਵੇ ਨੂੰ ਸ਼ਾਮਲ ਕਰੋ। ਸਾਡੀ ਸਮਗਰੀ ਦੀ ਕਿਸੇ ਵੀ ਹੋਰ ਨਕਲ ਜਾਂ ਸੰਚਾਰ ਲਈ ਸਾਡੀ ਪੂਰਵ ਸਹਿਮਤੀ ਦੀ ਲੋੜ ਹੁੰਦੀ ਹੈ, ਸਾਡੇ ਸਹਿਮਤੀ ਫਾਰਮ ਦੁਆਰਾ, ਜਿਸ ਨੂੰ ਤੁਸੀਂ ਭਰ ਕੇ ਜੰਮ੍ਹਾਂ ਕਰਵਾ ਸਕਦੇ ਹੋ।*